International Journal of Information Movement Vol. 7 Issue IX (January 2023)
Website: www.ijim.in ISSN: 2456-0553 (online) Pages 11-15

# ਪਰਵਾਸ ਲਈ ਰਿਸ਼ਤਿਆਂ ਵਿੱਚ ਅਨੈਤਿਕਤਾ ਦੀ ਪੇਸ਼ਕਾਰੀ ਕਰਦਾ ਨਾਟਕ: ਰਾਤ ਚਾਨਣੀ

**ਡਾ. ਬਲਦੇਵ ਸਿੰਘ**
**ਯੂਨੀਵਰਸਿਟੀ ਕਾਲਜ,**
**ਬਹਾਦਰਪੁਰ (ਮਾਨਸਾ)**

ਪਾਲੀ ਭੁਪਿੰਦਰ ਸਿੰਘ ਨੇ ਪਿਛਲੇ ਕੁੱਝ ਸਮੇਂ ਵਿਚ ਪੰਜਾਬੀ ਨਾਟਕ ਤੇ ਰੰਗਮੰਚ ਦੇ ਖੇਤਰ ਵਿਚ ਆਪਣੀ ਵਿਸ਼ੇਸ਼ ਪਹਿਚਾਣ ਬਣਾਈ ਹੈ। ਆਪਣੇ ਨਾਟਕੀ ਸੂਝ ਅਤੇ ਰੰਗਮੰਚ ਦੇ ਸਹਿਯੋਗ ਦੁਆਰਾ ਉਸਨੇ ਇਸ ਖੇਤਰ ਵਿਚ ਆਪਣਾ ਇਕ ਰੁਤਬਾ ਹਾਸਲ ਕੀਤਾ ਹੈ।

ਪਾਲੀ ਭੁਪਿੰਦਰ ਸਿੰਘ ਨੇ ਆਪਣੀ ਸਿਰਜਣਾ ਦਾ ਸਫਰ ਕਵਿਤਾ ਤੋਂ ਸ਼ੁਰੂ ਕੀਤਾ ਥੋੜੇ ਸਮੇਂ ਵਿਚ ਹੀ ਉਸਨੇ ਬਹੁਤ ਸਾਰੇ ਪੂਰੇ ਨਾਟਕ ਅਤੇ ਨਾਟ-ਸੰਗ੍ਰਹਿ ਪੰਜਾਬੀ ਸਾਹਿਤ ਨੂੰ ਪ੍ਰਦਾਨ ਕੀਤੇ ਹਨ। ਪਾਲੀ ਭੁਪਿੰਦਰ ਨੇ ਆਪਣੇ ਨਾਟਕਾਂ ਨੂੰ ਨਵੇਂ ਤਜਰਬਿਆਂ ਰਾਹੀਂ ਪੇਸ਼ ਕੀਤਾ ਹੈ। ਸਮਾਜ ਵਿਚ ਅਨੇਕਾਂ ਘਟਨਾਵਾਂ ਵਾਪਰ ਰਹੀਆਂ ਹਨ ਜਿਸ ਦੇ ਕਈ ਆਰਥਿਕ ਤੇ ਸਮਾਜਿਕ ਕਾਰਨ ਹਨ

'ਰਾਤ ਚਾਨਣੀ' ਨਾਟਕ ਵਿਚ ਨਾਟਕਕਾਰ ਨੇ ਅੱਜ ਦੇ ਉਦਯੋਗਿਕ ਯੁੱਗ ਵਿਚ ਆਦਮੀ ਦੀ ਘੱਟ ਰਹੀ ਕੀਮਤ, ਪਿਆਰ ਤੇ ਰਿਸ਼ਤਿਆਂ ਤੇ ਵਪਾਰਕ ਹੁੰਦੇ ਜਾਣ, ਸਮਾਜ ਵਿਚ ਫੈਲੀ ਭ੍ਰਿਸ਼ਟਾਚਾਰੀ, ਬੇਈਮਾਨੀ ਅਤੇ ਬੇਰੁਜ਼ਗਾਰੀ ਨੂੰ ਜਿੰਮੇਵਾਰ ਠਹਿਰਾਅ ਕੇ ਸਵਾਰਥੀ ਅਤੇ ਪੱਥਰ ਦਿਲ ਹੋ ਚੁੱਕੇ ਲੋਕਾਂ ਦੀ ਤਸਵੀਰ ਉਘਾੜਨ ਦੀ ਕੋਸ਼ਿਸ਼ ਕੀਤੀ ਹੈ। ਜਿੰਦਗੀ ਦੀ ਤਸਵੀਰ ਨੂੰ ਰੀਤੀ ਰਿਵਾਜਾਂ ਦੀ ਝਲਕ ਦੇ ਕੇ ਜਦੋਂ ਕੋਈ ਨਾਟਕਕਾਰ ਆਪਣੇ ਨਾਟਕ ਵਿਚ ਪੇਸ਼ ਕਰਦਾ ਹੈ ਤਾਂ ਉਹ ਜੀਵਨ ਵਿਚ ਹੋ ਰਹੀਆਂ ਘਟਨਾਵਾਂ ਨੂੰ ਨਾਟਕ ਰਾਹੀਂ ਪੇਸ਼ ਕਰਦਾ ਹੈ :

ਅਬਰ : ਕੀ ਦੱਸਾਂ ਉਸਨੂੰ ਕਿ ਮੇਰਾ ਰਿਸ਼ਤਾ ਝੂਠ ਸੀ< ਮੇਰੀ ਮੁਹੱਬਤ ਇਕ
ਦਿਖਾਵਾ ਸੀ। ਸੱਚ ਸੀ ਇਸ ਦੇਸ਼ ਦੀ ਪਰਮਾਨੈਂਟ ਇਮੀਗ੍ਰੇਸ਼ਨ ਤੇ
ਮੇਰੀ ਮਾਂ ਦੀ ਜ਼ਿੱਦ। ਦੱਸ ਸਾਲ .. ਪੂਰੇ ਦੱਸ ਸਾਲ ਬੀਤ ਗਏ, ਜਦ
ਪਿੰਡ ਇਕ ਬੀਜ਼ ਬੀਜਿਆ ਸੀ। ਅੱਜ ਉਹ ਬੀਜ਼ ਜਦ ਪੁੰਗਰ ਕੇ ਪੂਰਾ
ਰੁੱਖ ਬਣ ਗਿਆ ਹੈ ਤਾਂ ਮੈਂ ਕਿਵੇਂ ਮੁੱਕਰ ਸਕਦਾ ਹਾਂ ਉਸਦੀ ਹੋਂਦ ਤੋਂ
ਪੰਨੂੰ ਕਿਵੇਂ।"1

ਨਾਟਕ 'ਰਾਤ ਚਾਨਣੀ' ਵਿਚ ਪਾਲੀ ਭੁਪਿੰਦਰ ਸਿੰਘ ਨੇ ਪ੍ਰਵਾਸ ਦੇ ਸਿਲਸਿਲੇ ਵਿਚ ਰਿਸ਼ਤਿਆਂ ਨੂੰ ਸਨਮੁੱਖ ਬਣਾ ਕੇ ਮਾਂ-ਪੁੱਤ ਨੂੰਹ ਦੇ ਰਿਸ਼ਤੇ ਵਿਚ ਹੋਈਆਂ ਬੇਜੋੜ ਘਟਨਾਵਾਂ ਨੂੰ ਪੇਸ਼ ਕੀਤਾ ਹੈ। ਫਰੀਦਕੋਟ ਦੇ ਇਕ ਆਮ ਪਿੰਡ ਜੈਤੋਂ ਇਲਾਕੇ ਦਾ ਹੋਣ ਕਰਕੇ ਪੰਜਾਬ ਦੇ ਜੱਟ ਕਿਸਾਨਾਂ ਦੀਆਂ ਸਮੱਸਿਆਵਾਂ, ਉਹਨਾਂ ਦੀ ਸੋਚਣ ਸ਼ਕਤੀ ਅਤੇ ਉਹਨਾਂ ਦੀਆਂ ਲੋੜਾਂ ਤੋਂ ਪੂਰੀ ਤਰ੍ਹਾਂ ਜਾਣੂ ਹੈ।ਪੰਜਾਬ ਦੇ ਲੋਕਾਂ ਦੇ ਮਨ ਦੇ ਵਿਚ ਪਰਵਾਸ ਦੀ ਬਹੁਤ ਲਾਲਸਾ ਹੈ। ਉਹਨਾਂ ਨੂੰ ਲਗਦਾ ਹੈ ਕਿ ਬਾਹਰਲੇ ਦੇਸ਼ ਜਾ ਕੇ ਉਹ ਇਕ ਚੰਗਾ ਜੀਵਨ ਬਤੀਤ ਕਰ ਸਕਦੇ ਹਨ। ਪਰੰਤੂ ਬਾਹਰਲੇ ਦੇਸ਼ਾਂ ਦੀ ਔਖੀ ਅਤੇ ਦੁਖਾ ਭਰਪੂਰ ਜ਼ਿੰਦਗੀ ਬਾਰੇ ਵਿਸ਼ਵਾਸ ਬਹੁਤ ਔਖਾ ਹੈ।

ਪਾਲੀ ਭੁਪਿੰਦਰ ਸਿੰਘ ਨੇ ਆਪਣੇ ਨਾਟਕ 'ਰਾਤ ਚਾਨਣੀ' ਰਾਹੀਂ ਭਾਰਤੀ ਸਮਾਜ ਵਿੱਚ ਮਰਦ ਦੁਆਰਾ ਆਪਣੀਆਂ ਪਦਾਰਥਕ ਖੁਸ਼ੀਆਂ ਅਤੇ ਸਮਾਜ ਵਿਚ ਇੱਜਤ ਬਣਾਈ ਰੱਖਣ ਲਈ ਔਰਤ ਦਾ ਸਹਾਰਾ ਨੂੰ ਵਿਸ਼ਾ ਬਣਾਇਆ ਹੈ।ਆਪਣੀਆਂ ਲੋੜਾਂ ਦੀ ਪੂਰਤੀ ਲਈ ਮਰਦ ਔਰਤ ਨੂੰ ਪੌੜੀ ਦੀ ਤਰ੍ਹਾਂ ਵਰਤਦਾ ਹੈ। ਇਹ ਨਾਟਕ ਮਰਦ ਦੀਆਂ ਵਧੀਕੀਆਂ ਦੀ ਸ਼ਿਕਾਰ ਔਰਤ ਦੇ ਜਜ਼ਬਾਤਾਂ ਅਤੇ ਔਰਤ ਉੱਤੇ ਹੁੰਦੇ ਅੱਤਿਆਚਾਰ ਦੀ ਕਹਾਣੀ ਨੂੰ ਪੇਸ਼ ਕਰਦਾ ਹੈ :-

ਮਾਂ : ਫੇਰ ਤੂੰ ਵਿਆਹ ਤੋਂ ਚਾਰ ਦਿਨ ਪਹਿਲਾਂ ਆਪਣੀ ਧੀ ਅਤੇ ਉਸਦੇ ਬਾਪ
ਤੋਂ ਚੋਰੀ ਮੇਰੇ ਘਰ ਆਈ । ਰਾਤ ਚਾਨਣੀ ਨਹੀਂ ਸੀ ਪਰ ਨੋਟਾਂ ਦੀਆਂ
ਥਈਆਂ ਵੇਖ ਕੇ ਤੇਰਾ ਮੂੰਹ ਚਾਨਣ ਨਾਲ ਭਰ ਗਿਆ ਸੀ। ਦੱਸ ਲੱਖ,
ਪੂਰਾ ਲਿਆ ਤੂੰ ਮੈਥੋਂ ਇਸ ਰਿਸ਼ਤੇ ਲਈ.....।

ਮਿਸ਼ਿਜ ਮੇਜਰ : (ਤੜਪਦਿਆਂ) ਸਿਰਫ ਇਸ ਗਰੰਟੀ ਵਜੋਂ ਕਿ ਕਿਤੇ ਅੰਬਰ ਪੱਕਾ ਹੋ ਕੇ
ਪਾਲ ਨੂੰ ਛੱਡ ਨਾ ਦਏ।

ਪਾਲ : ਤੁਸੀਂ ਮੇਰੇ ਵਿਆਹ ਦੇ ਪੈਸੇ ਲਏ ਸਨ<

ਅੰਬਰ : (ਖੁਦ ਉਸਨੂੰ ਵੀ ਨਹੀਂ ਪਤਾ ਇਸ ਗੱਲ ਦਾ ) ਤਾਂ ਕੀ ਇਹ ਮੁੱਲ ਦਾ
ਰਿਸ਼ਤਾ ਸੀ<"2

ਇਸ ਨਾਟਕ ਵਿਚ ਨਾਟਕਕਾਰ ਸਮੱਸਿਆਵਾਂ ਦੀ ਪੇਸ਼ਕਾਰੀ ਦੇ ਨਾਲ-ਨਾਲ ਇਹਨਾਂ ਸਮੱਸਿਆਵਾਂ ਦੇ ਹੱਲ ਸੋਚਣ ਲਈ ਵੀ ਮਜ਼ਬੂਰ ਕਰਦਾ ਹੈ। ਪੰਜਾਬੀ ਮਨੁੱਖ ਪਰਵਾਸ ਧਾਰਨ ਕਰਨ ਲਈ ਕਿਸੇ ਵੀ ਅਨੈਤਿਕ ਕੰਮ ਕਰਨ ਤੋਂ ਗੁਰੇਜ਼ ਨਹੀਂ ਕਰਦਾ ਹੈ। ਅਸਲ ਵਿਚ ਮਨੁੱਖ ਦੀ ਅਜਿਹੀ ਅਨੈਤਿਕ ਗਿਰਾਵਟ ਪਿੱਛੇ ਸਾਡੀਆਂ ਗ਼ਲਤ ਸਮਾਜਿਕ ਕੀਮਤਾ ਅਤੇ ਪੈਸੇ ਦੀ ਪ੍ਰਮੁੱਖਤਾ ਨੂੰ ਅਹਿਮੀਅਤ ਦਿੱਤਾ ਜਾਣਾ ਹੀ ਹੈ। ਕੋਈ ਦੇਸ਼ ਨੈਤਿਕਤਾ ਪੱਖੋਂ ਉਦੋਂ ਤੱਕ ਨਹੀਂ ਗਿਰਦਾ ਜਦੋਂ ਤੱਕ ਮਨੁੱਖ ਆਪਣੀ ਅਗਾਂਹ ਵਧੂ ਸੋਚ ਨੂੰ ਨਹੀਂ ਛੱਡਦਾ।

ਨਾਟਕਕਾਰ ਆਪਣੇ ਨਾਟਕ ਰਾਹੀਂ ਸਮਾਜ ਦੀ ਵਾਂਗ ਡੋਰ ਔਰਤ ਦੇ ਹੱਥ ਵਿਚ ਦੇਣ ਦੀ ਹਾਮੀ ਭਰਦਾ ਹੈ :

ਪਾਲ : (ਆਪਣੇ ਆਪ ਨਾਲ) ਪਰ ਜੇ ਮੈਨੂੰ ਪਤਾ ਹੁੰਦੇ ਅੰਬਰ ਕਿ ਤੂੰ ਮਾਂ ਨਾਲ
ਇਹ ਵਾਅਦਾ ਕਰਕੇ ਆਇਐਂ ਤਾਂ ਮੈਂ ਇਕ ਪਲ ਝੂਠ ਨਾ ਬੋਲਣ
ਦਿੰਦੀ। ਮੈਂ ਆਪ ਤੇਰਾ ਘਰ ਛੱਡ ਕੇ ਚਲੀ ਜਾਂਦੀ। ਪਿਆਰ ਕਬਜਾ
ਨਹੀਂ: ਪਛਾਣ ਹੁੰਦੀ ਹੈ। ਜੇ ਨਹੀਂ ਕੋਈ ਨਾਲ ਰਹਿ ਸਕਦਾ ਤਾਂ ਕੋਈ
ਜਰੂਰੀ ਨਹੀਂ ਕਿ ਉਸਨੂੰ ਨਾਲ ਰਹਿਣ ਲਈ ਮਜ਼ਬੂਰ ਕੀਤਾ ਜਾਵੇ।"3

ਸਹੀ ਅਰਥਾਂ ਵਿਚ ਇਸ ਨਾਟਕ ਦੀ ਨਾਇਕਾ ਪਾਲ ਨੂੰ ਕਿਹਾ ਜਾ ਸਕਦਾ ਹੈ। ਜਿਸ ਨਾਲ ਇਹ ਘਟਨਾਵਾਂ ਵਾਪਰ ਰਹੀਆਂ ਹਨ। ਸਦੀਆਂ ਤੋਂ ਹੀ ਚਾਨਣੀ ਰਾਤ ਮੁਹੱਬਤ ਦਾ ਪ੍ਰਤੀਕ ਰਹੀ ਹੈ ਪਰੰਤੂ ਚਾਨਣੀਆਂ ਰਾਤਾਂ ਵਿਚ ਸਿਰਫ ਮਹੁੱਬਤ ਹੀ ਨਹੀਂ ਹੁੰਦੀ, ਮੁਹੱਬਤ ਦਾ ਵਪਾਰ ਵੀ ਹੁੰਦਾ ਹੈ। ਪਾਲ ਇਕ ਤਿਆਗ, ਕੁਰਬਾਨੀ, ਸਬਰ ਵਾਲੀ ਭਾਰਤੀ ਨਾਰੀ ਦਾ ਪ੍ਰਤੀਕ ਹੈ, ਆਪਣੇ ਪਰਿਵਾਰ ਬਾਰੇ ਬਹੁਤ ਸੋਚਦੀ ਹੈ। ਆਪਣੇ ਘਰ ਦੇ ਹਾਲਾਤ ਨੂੰ ਦੇਖਦੇ ਹੋਏ ਉਹ ਘਰ ਛੱਡਣ ਲਈ ਤਿਆਰ ਹੋ ਜਾਂਦੀ ਹੈ ਪਰੰਤੂ ਉਹ ਵਾਪਸ ਆਉਣਾ ਚਾਹੁੰਦੀ ਹੈ। ਅੰਬਰ ਨਾਲ ਜੀਵਨ ਬਤੀਤ ਕਰਨਾ ਚਾਹੁੰਦੀ ਹੈ ਪਰੰਤੂ ਵਿਆਹ ਦੇ ਸਮੇਂ ਹੋਏ ਇਕ ਸੌਦੇ ਦੀ ਕੀਮਤ ਉਸਨੂੰ ਘਰ ਛੱਡਣ, ਲਈ ਮਜ਼ਬੂਰ ਕਰਦੀ ਹੈ। ਅੰਬਰ ਦੀ ਮਾਂ ਅਤੇ ਪਾਲ ਦੀ ਮਾਂ ਦੇ ਵਿਚਕਾਰ ਹੋਏ ਉਸ ਸੌਦੇ ਤੋਂ ਅਣਜਾਣ ਉਹ ਬਾਹਰ ਸੁਖੀ ਜੀਵਨ ਬਤੀਤ ਕਰ ਰਹੀ ਹੁੰਦੀ ਹੈ ਪਰੰਤੂ ਅੰਬਰ ਦੀ ਮਾਂ ਦਾ ਕਨੈਡਾ ਆ ਜਾਣਾ ਇਕ ਤੂਫਾਨ ਲੈ ਕੇ ਆਉਂਦਾ ਹੈ ਅਤੇ ਪੂਰੀ ਜਿੰਗਦੀ ਉੱਥਲ-ਪੁਥਲ ਕਰ ਦਿੰਦਾ ਹੈ। ਸਿੱਟੇ ਵਜੋਂ ਅੰਬਰ ਵਲੋਂ ਬੋਲੇ ਗਏ ਝੂਠ ਕਿ ਉਸ ਨੇ ਪਾਲ ਨੂੰ ਤਲਾਕ ਦੇ ਦਿੱਤਾ ਹੈ, ਉਸ ਦੀ ਜ਼ਿੰਦਗੀ ਵਿਚ ਜ਼ਹਿਰ ਘੱਲ ਦਿੰਦਾ ਹੈ। ਜਿਸ ਦਾ ਉਸ ਨੂੰ ਭਾਰੀ ਹਰਜਾਨਾ ਭਰਨਾ ਪੈਂਦਾ ਹੈ :-

ਮਾਂ : ਬਿਲਕੁਲ ਉਹੀ ਆਵਾਜ਼ ਹੈ। ਉਹ ਤਰਲਾ। ਤੂੰ ਮੇਰੀ ਸਹੁੰ ਖਾਧੀ ਤੇ
ਮੈਨੂੰ ਵਿਸ਼ਵਾਸ਼ ਹੋ ਗਿਆ ਕਿ ਤੂੰ ਵੀ ਆਪਣੇ ਪਿਓ ਵਾਂਗ ਝੂਠਾ ਹੈ।
ਹਾਂ, ਇਸ ਘਰ ਵਿਚ ਇਕ ਔਰਤ ਰਹਿੰਦੀ ਹੈ। ਕੌਣ ਐ< ਅੰਬਰ,
ਕੌਣ ਐ ਉਹ< ਕੀ ਪਾਲ<

ਅੰਬਰ : ਹਾਂ ਮਾਂ ... ਪਾਲ ਰਹਿੰਦੀ ਹੈ ਇਸ ਘਰ ਵਿਚ.....। ਤੂੰ ਜਿਸ ਕਮਰੇ ਵਿਚ
ਖੜੀ ਹੈ, ਉਸ ਕਮਰੇ ਵਿਚ। ਜਿਸ ਜਿਸਮ ਨੂੰ ਤੂੰ ਫੜ੍ਹਿਆ ਹੋਇਆ ਹੈ,
ਉਸ ਜਿਸਮ ਵਿਚ। ਜਿਸ ਦਿਲ ਤੇ ਤੂੰ ਆਪਣਾ ਪੂਰਾ ਕਬਜਾ

ਮੰਗਦੀ ਹੈ, ਉਸ ਦਿਲ ਵਿਚ....।

ਮਾਂ : ਤੂੰ ਚੁੱਪ ਰਹਿ...। ਤੂੰ ਚੁੱਪ ਰਹਿ। ਉਹਦਾ ਖ਼ੂਨ ਸੀ, ਉਸਤੇ ਤਾਂ ਜਾਣਾ
ਈ ਸੀ ਇਹ। ਪਰ ਤੂੰ ਚੁੱਪ ਰਹਿ ।"4

ਇਸ ਤਿਕੋਣੀ ਸਥਿਤੀ ਵਿਚ ਨਾਟਕਕਾਰ ਨੇ ਔਰਤ ਸਮੱਸਿਆਵਾਂ ਨੂੰ ਹੀ ਆਪਣਾ ਵਿਸ਼ਾ ਬਣਾਇਆ ਹੈ। ਨਾਟਕ ਵਿਚ ਭਾਵੇਂ ਸਰੀਰਕ ਮੌਤ ਨਹੀਂ ਹੁੰਦੀ ਪਰੰਤੂ ਪਾਲ ਦੇ ਅਰਮਾਨਾ ਦੀ ਮੌਤ ਜ਼ਰੂਰ ਹੁੰਦੀ ਹੈ। ਜੋ ਦੇਖੀਏ ਤਾਂ ਅੰਬਰ ਦੀ ਮਾਂ ਨਾਇਕ ਦਾ ਰੋਲ ਅਦਾ ਕਰਦੀ ਹੈ ਕਿਉਂਕਿ ਇਸ ਵਿਆਹ ਦੀ ਉਹ ਇਕ ਗੰਢ ਹੈ ਪਰੰਤੂ ਉਹ ਨਾਇਕਾ ਬਣ ਕੇ ਨਹੀਂ ਉੱਭਰਦੀ। ਰੂੜੀਵਾਦੀ ਵਿਚਾਰਾਂ ਅਤੇ ਆਪਣੇ ਪੁੱਤ ਨੂੰ ਬਾਹਰਲੇ ਦੇਸ਼ ਵਿਚ ਸੈੱਟ ਕਰਨ ਦੇ ਚੱਕਰ ਵਿਚ ਉਹ ਪੈਸਿਆ ਰਾਹੀਂ ਸੌਦਾ ਕਰਦੀ ਹੈ ਅਤੇ ਆਪਣੇ ਰੂੜੀਵਾਦੀ ਵਿਚਾਰਾਂ ਕਰਕੇ ਨਾਟਕ ਵਿਚ ਤਣਾਅ ਪੂਰਨ ਸਥਿਤੀ ਪੇਸ਼ ਕਰਦੀ ਹੈ :-

ਮਾਂ : ਇਕ ਜਨਾਨੀ ਆਪਣੇ ਪੁੱਤ ਨੂੰ ਉਡਣਾ ਸਿਖਾਉਣ ਤੇ ਵੀਹ ਸਾਲ ਲਾ
ਦਿੰਦੀ ਹੈ ਪੁੱਤ ਤੇ ਦੂਜੀ ਵੀਹ ਮਿੰਟਾਂ ਵਿਚ ਉਸਨੂੰ ਬੰਨ ਕੇ ਆਪਣੇ ਪੈਰਾਂ
ਵਿਚ ਬਹਾ ਲੈਂਦੀ ਐ। ਇਹ ਤਾਂ ਜੱਗੋਂ ਈ ਹੁੰਦੀ ਆਈ ਐ ਪੁੱਤ, ਤੂੰ
ਕੋਈ ਨਵੀਂ ਕਰਨ ਲੱਗੈਂ<

ਸੋਮਨਾਥ : (ਦਰਦ ਨਾਲ) ਬੱਚਿਆਂ ਦੀਆਂ ਖੁਸ਼ੀਆਂ ਲਈ ਵੱਡਿਆਂ ਨੂੰ ਆਪਣੀਆਂ
ਖੁਸ਼ੀਆਂ ਮਾਰਨੀਆਂ ਈ ਪੈਂਦੀਐਂ ਭੈਣ ਮੇਰੀਏ। ਮੇਰੇ ਘਰ ਤੇਰਾ
ਸਵਾਗਤ ਐ ਪਰ ਸਲਾਹ ਐ ਮੇਰੀ, ਤੂੰ ਇਕ ਵਾਰ ਫੇਰ ਸੋਚ ਲੈ
ਆਪਣਾ ਖ਼ੂਨ ਆਪਣਾ ਹੀ ਹੁੰਦਾ ਹੈ।

ਮਾਂ : ਮੇਰੇ ਘਰ ਵਾਲੇ ਦਾ ਗੰਦਾ ਖ਼ੂਨ ਹੀ ਉਹ। ਆਪਣੇ ਦੁੱਧ ਨਾਲ ਧੋਣ ਦੀ
ਕੋਸ਼ਿਸ਼ ਕੀਤੀ ਜਿਸਨੂੰ ਮੈਂ ਪਰ ਉਸਨੇ ਰੰਗ ਨਹੀਂ ਵਟਾਇਆ। ਤੂੰ ਲੈ
ਚਲ ਸੋਮਿਆ ਇੱਥੋਂ ਮੈਨੂੰ। ਮੇਰਾ ਜੀਅ ਕਾਹਲਾ ਪੈ ਰਿਹਾ ਹੈ।"5

ਪਾਲ ਨਿਰਦੋਸ਼ ਹੈ ਅਤੇ ਆਪਣੇ ਪਰਿਵਾਰ ਬਾਰੇ ਸੋਚਦੀ ਹੈ। ਪਾਲ ਦੇ ਹੋਣ ਦੀਆਂ ਨਿਸ਼ਾਨੀਆ ਅੰਬਰ ਦੀ ਮਾਂ ਨੂੰ ਅਹਿਸਾਸ ਦਿਵਾਉਂਦੀਆਂ ਹਨ। ਪਾਲ ਦਾ ਆਪਣੇ ਘਰ ਨਾਲ ਅਥਾਹ ਪਿਆਰ ਹੋਣ ਕਾਰਨ ਪਰਿਵਾਰ ਵਿਚ ਤਣਾਉ ਵਧਾਉਦੀਆਂ ਹਨ। ਅਖੀਰ ਵਿਚ ਅੰਬਰ ਦੀ ਮਾਂ ਨੂੰ ਕਨੈਡਾ ਛੱਡ ਆਪਣੇ ਦੇਸ਼ ਵਾਪਸ ਪਰਤਣ ਲਈ ਮਜਬੂਰ ਹੋਣਾ ਪੈਂਦਾ ਹੈ। ਇਓ ਇਸ ਨਾਟਕ ਦਾ ਅੰਤ ਇਕ ਦੁਖਾਂਤ ਦੇ ਰੂਪ ਵਿਚ ਹੁੰਦਾ ਹੈ :-

ਪਾਲ : ਯਾਦਾਂ ਵਿਚ ਕੋਈ ਖ਼ੂਬਸੂਰਤ ਜਿਹਾ ਅਹਿਸਾਸ ਉੱਭਰਦਾ ਹੈ। ਮਨ
ਵਿੱਚੋਂ ਇਕ ਮੁਸ਼ਕਾਨ ਉੱਠਦੀ ਹੈ ਤੇ ਚਿਹਰੇ ਤੇ ਨੂਰ ਬਣ ਕੇ ਝਲਕਦੀ
ਹੈ ਤੇ ਆਖਦੀ ਹੈ :
ਜੇ ਤੁਸੀਂ ਕਿਸੇ ਨੂੰ ਪਿਆਰ ਕਰਦੇ ਹੋ, ਉਸਨੂੰ ਫੜ ਕੇ ਨਾ ਰੱਖੋ, ਸਾਰੇ
ਬੰਧਨਾਂ ਤੋਂ ਮੁਕਤ ਕਰ ਦਿਓ। ਜੇ ਉਹ ਤੁਹਾਡਾ ਹੋਏਗਾ ਤਾਂ ਤੁਹਾਡੇ ਕੋਲ
ਮੁੜ ਆਏਗਾ ... ਜੇ ਨਾ ਆਇਆ ਤਾਂ ਸਮਝ ਲਓ, ਉਹ ਤੁਹਾਡਾ ਹੈ ਹੀ
ਨਹੀਂ ਸੀ।"6

ਨਾਟਕਕਾਰ ਆਪਣੇ ਇਸ ਨਾਟਕ ਦਾ ਅੰਤ ਦੁਖਾਂਤ ਰੂਪ ਵਿਚ ਕਰਦਾ ਹੈ ਪਰੰਤੂ ਪ੍ਰਸ਼ਨ ਇਹ ਹੈ ਕਿ ਇਹ ਪ੍ਰਸਥਿਤੀਆਂ ਕਿਉਂ ਉਤਪੰਨ ਹੁੰਦੀਆਂ ਹਨ< ਇਸ ਦੇ ਕਈ ਰਾਜਸੀ, ਆਰਥਿਕ, ਰਾਜਨੀਤਿਕ ਅਤੇ ਸਮਾਜਿਕ ਕਾਰਨ ਹਨ। ਪੰਜਾਬੀ ਲੋਕ ਬਾਹਰ ਚੰਗੇ ਜੀਵਨ ਦੀ ਤਲਾਸ਼ ਵਿਚ ਜਾਂਦੇ ਹਨ ਕਿਉਂਕਿ ਉਹਨਾਂ ਨੂੰ ਲੱਗਦਾ ਹੈ ਕਿ ਭਾਰਤ$ਪੰਜਾਬ ਵਿਚ ਰਹਿ ਕੇ ਉਹਨਾਂ ਨੂੰ ਚੰਗੀ ਨੌਕਰੀ ਨਹੀਂ ਮਿਲ ਸਕਦੀ ਅਤੇ

ਕਈ ਸਿਆਸੀ ਪਾਰਟੀਆਂ ਪੰਜਾਬ ਨੂੰ ਅੰਦਰੋਂ ਅੰਦਰ ਖਾ ਰਹੀਆਂ ਹਨ।ਪੰਜਾਬੀ ਨੌਜਵਾਨ ਸੋਚਦੇ ਹਨ ਕਿ ਪੰਜਾਬ ਵਰਗੇ ਰਾਜ ਵਿਚ ਕਿਸੇ ਸਮੇਂ ਖਜਾਨਿਆਂ ਦਾ ਭੰਡਾਰ ਸੀ ਪਰੰਤੂ ਇਹ ਸਭ ਕੁੱਝ ਕਿੱਥੇ ਗਿਆ< ਪੜ ਲਿਖ ਕੇ ਨੌਜਵਾਨ ਬੇਰੁਜ਼ਗਾਰੀ ਦੀ ਦਲਦਲ ਵਿਚ ਫਸੇ ਹੋਏ ਹਨ।

ਪੰਜਾਬੀ ਨੌਜਵਾਨ ਸੋਚਦੇ ਹਨ ਕਿ ਉਹ ਡਿਗਰੀ ਹਾਸਲ ਕਰਕੇ ਨੌਕਰੀ ਲੱਗਣਗੇ ਪਰੰਤੂ ਅੱਜ ਦੇ ਪੰਜਾਬ ਵਿਚ ਜਿੱਥੇ ਛੋਟੇ ਤੋਂ ਛੋਟਾ ਕੰਮ ਦੀ ਸਿਫਾਰਸ਼ ਦੇ ਬਿਨਾਂ ਨਹੀਂ ਹੁੰਦਾ ਉੱਥੇ ਨੌਕਰੀ ਕਿਥੋਂ ਮਿਲਣੀ ਹੈ। ਦੂਜੇ ਪਾਸੇ ਸਾਡੇ ਸਾਡੇ ਪੇਂਡੂ ਨੌਜਵਾਨਾ ਨੂੰ ਕਨੈਡਾ ਜਾਣ ਦੀ ਸੋਚ ਨੇ ਖੇਤਾਂ ਵਿਚ ਕੰਮ ਕਰਨ ਤੋਂ ਦੂਰ ਕਰ ਦਿੱਤਾ ਹੈ। ਉਹ ਕਿਸੇ ਵੀ ਹਾਲਤ ਵਿਚ ਕਨੈਡਾ ਜਾਣ ਲਈ ਤਿਆਰ ਹਨ, ਰਸਤਾ ਚਾਹੇ ਗਲਤ ਹੋਵੇ ਜਾਂ ਸਹੀ। ਬਸ ਉਥੇ ਜਾਣ ਦੀ ਤਾਂਘ ਉਹਨਾ ਦੇ ਮਨ ਵਿਚ ਹਰ ਸਮੇਂ ਲੱਗੀ ਰਹਿੰਦੀ ਹੈ। ਉਹ ਕਿਸੇ ਵੀ ਰਿਸ਼ਤੇ ਨੂੰ ਕਿਸੇ ਵੀ ਤਰ੍ਹਾਂ ਮਨਜੂਰ ਕਰ ਲੈਂਦਾ ਹੈ। ਉਸ ਸਮੇਂ ਉਸ ਨੂੰ ਇਹ ਪਰਵਾਹ ਨਹੀਂ ਹੁੰਦੀ ਕਿ ਉਹ ਜਿਸ ਨਾਲ ਵਿਆਹ ਕਰਵਾ ਰਿਹਾ ਹੈ। ਉਸ ਦੇ ਪਹਿਲਾ ਕਿਸੇ ਨਾਲ ਕਿਸ ਤਰਾਂ ਦੇ ਸੰਬੰਧ ਸਨ। ਉਸ ਦਾ ਭੂਤਕਾਲ ਕਿਸ ਤਰਾਂ ਦਾ ਸੀ। ਇਸ ਨਾਟਕ ਵਿਚ ਕਨੈਡਾ ਸੈਟਲ ਹੋਣ ਲਈ ਪੰਜਾਬ ਦੀ ਇਕ ਚਾਨਣੀ ਰਾਤ ਵਿਚ ਇਕ ਸੌਦਾ ਹੁੰਦਾ ਹੈ। ਜਿਸ ਦੀ ਮਿਆਦ ਸ਼ਗਨ ਲੱਗਣ ਤੋਂ ਲੈ ਕੇ ਕਨੈਡਾ ਦੀ ਸਟੈਂਪ ਲੱਗਣ ਤੱਕ ਸੀ ਪਰੰਤੂ ਮਿਆਦ ਪੁੱਗਣ ਤੋਂ ਪਹਿਲਾ ਸੌਦਾ ਰਿਸ਼ਤਾ ਬਣ ਗਿਆ, ਜੋ ਇਕ ਔਰਤ ਨੂੰ ਮਨਜੂਰ ਨਹੀਂ ਸੀ :-

ਅੰਬਰ : ਉਹ ਤਾਂ ਹੁਣ ਐ ਨਾ ਅੰਕਲ, ਉਦੋਂ ਤਾਂ ਨਹੀਂ ਸੀ। ਵਾਅਦਾ ਤਾਂ ਉਦੋਂ
ਕੀਤਾ ਸੀ, ਵਿਆਹ ਤੋਂ ਪਹਿਲਾਂ।

ਸੋਮਨਾਥ : ਇਸ ਦਾ ਮਤਲਬ ਤੂੰ ਪਾਲ ਨਾਲ ਵਿਆਹ ਸਿਰਫ ਇੱਧਰ ਪੱਕੇ ਹੋਣ
ਲਈ ਕਰਵਾਇਆ ਸੀ<

ਅੰਬਰ : (ਇੱਕ ਸੱਚ ਸਵੀਕਾਰ ਕਰਦਿਆਂ) ਮਾਂ ਦੀ ਇਹੀ ਖਾਹਿਸ਼ ਸੀ।"7

ਇਸ ਨਾਟਕ ਵਿਚ ਪਰਵਾਸੀ ਲੋਕਾਂ ਦੀਆਂ ਪਰਸਥਿਤੀਆਂ ਕਾਰਨ ਉਹਨਾਂ ਵਿਚ ਉਤਪੰਨ ਉਜਾੜੇ ਦੀ ਪੀੜ, ਆਤਮ ਨਿਰਵਾਸਨ ਦੀ ਭਾਵਨਾ ਅਤੇ ਬੇਲੋੜੇ ਹੋਣ ਦੇ ਬੋਧ ਨੂੰ ਬਹੁਤ ਸ਼ਕਤੀਸ਼ਾਲੀ ਰੂਪ ਵਿਚ ਪੇਸ਼ ਕੀਤਾ ਹੈ।

ਸੰਚਾਰ ਦੇ ਮਾਧਿਅਮ ਨੇ ਵੀ ਭਾਰਤੀ ਲੋਕਾਂ ਦੇ ਮਨਾ ਅੰਦਰ ਬਾਹਰ ਜਾਣ ਦੀ ਸੋਚ ਨੂੰ ਉਭਾਰਿਆ ਹੈ। ਪੱਛਮੀ ਕਲਚਰ ਦੇ ਗਲੇ ਸੜੇ ਪ੍ਰਦਰਸ਼ਨਾਂ ਨੇ ਵਿਦੇਸ਼ਾਂ ਬਾਰੇ ਇਕ ਖਿੱਚ ਪੈਦਾ ਕੀਤੀ ਹੈ ਕਿ ਉਹਨਾਂ ਨੂੰ ਵਿਦੇਸ਼ ਜਾਣ ਤੋਂ ਬਿਨਾ ਹੋਰ ਕੋਈ ਗੱਲ ਸਬਦੀ ਦਿਖਾਈ ਨਹੀਂ ਦਿੰਦੀ। ਇਸ ਦੇ ਨਾਲ ਹੀ ਜਮੀਨਾਂ ਵੇਚ ਕੇ ਲੱਖਾਂ ਰੁਪਏ ਏਜੰਟਾਂ ਨੂੰ ਦੇ ਕੇ ਕਈ ਵਾਰ ਰਿਸ਼ਤਿਆ ਦੇ ਵੀ ਸੌਦੇ ਹੁੰਦੇ ਹਨ। ਇਸ ਨੂੰ ਰਿਸ਼ਤਿਆਂ ਦੀ ਵੀ ਸੋਦੇਬਾਜ਼ੀ ਕਿਹਾ ਜਾ ਸਕਦਾ ਹੈ।

ਉਹ ਰਿਸ਼ਤੇ ਭਾਵੇਂ ਆਪਣੇ ਵੱਲੋਂ ਹੀ ਬਣਾਏ ਜਾਂਦੇ ਹਨ ਅਤੇ ਮਤਲਬ ਪੂਰਾ ਹੋਣ ਤੇ ਉਹਨਾਂ ਵਿਚ ਤਰੇੜ ਆ ਜਾਂਦੀ ਹੈ। ਕੋਈ ਸਮਾਂ ਸੀ ਜਦੋਂ ਕਨੈਡਾ ਵਿਚ ਬੈਠੇ ਲੋਕ ਅੰਦਾਜਾ ਲਗਾਉਣ ਵਿਚ ਸਫਲ ਹੁੰਦੇ ਸਨ ਕਿ ਕੁੜੀ ਮੁੰਡੇ ਨੂੰ ਵਿਆਹ ਦੇ ਲਿਆਈ ਹੈ ਜਾਂ ਮੁੰਡਾ ਕੁੜੀ ਨੂੰ। ਕਿਉਂਕਿ ਕਨੈਡਾ ਤੋਂ ਗਿਆ ਮੁੰਡਾ ਵੱਧ ਪੜੀ ਲਿਖੀ ਨੂੰ ਲਿਆਉਂਦਾ ਹੈ ਤਾਂ ਉਹਨਾਂ ਦੀ ਜੋੜੀ ਹੀ ਦੱਸ ਦਿੰਦੀ ਹੈ ਕਿ ਮਜਬੂਰੀ ਵਿੱਚ ਵਿਆਹ ਹੋਇਆ ਹੈ ਪਰੰਤੂ ਇਸ ਵਿਆਹ ਵਿਚ ਵੀ ਕਿਤੇ ਨਾ ਕਿਤੇ ਕੁੜੀ ਦੀ ਬਾਹਰ ਆਉਣ ਦੀ ਇੱਛਾ ਸ਼ਾਮਿਲ ਹੁੰਦੀ ਹੈ। ਰੋਂਦੇ ਕਰਲਾਉਂਦੇ ਹੋਏ ਉਹ ਰਿਸ਼ਤਾ ਨਿਭਾਉਣ ਦੀ ਕੋਸ਼ਿਸ਼ ਕਰਦੇ ਹਨ

ਪਰੰਤੂ ਹੁਣ ਰਿਸ਼ਤੇ ਦੇ ਅਰਥ ਬਦਲ ਗਏ ਹਨ ਜੇਕਰ ਮੁੰਡਾ ਕੁੜੀ ਇਕ ਦੂਜੇ ਨੂੰ ਆਪਸ ਵਿਚ ਪੰਸਦ ਨਹੀਂ ਕਰਦੇ ਤਾਂ ਤਲਾਕ ਲੈਣਾ ਚੰਗਾ ਸਮਝਦੇ ਹਨ। ਫਿਰ ਤਲਾਸ਼ ਸ਼ੁਰੂ ਹੁੰਦੀ ਹੈ ਇਕ ਹੋਰ ਮੁੰਡੇ ਜਾਂ ਕੁੜੀ ਦੀ।

ਪਾਲੀ ਭੁਪਿੰਦਰ ਸਿੰਘ ਨੇ 'ਰਾਤ ਚਾਨਣੀ' ਨਾਟਕ ਰਾਹੀਂ ਇਸ ਯੁੱਗ ਵਿਚ ਰਿਸ਼ਤਿਆ ਦੀ ਹੋ ਰਹੀ ਸੋਦੇਬਾਜੀ ਅਤੇ ਆਪਸੀ ਰਿਸ਼ਤਿਆਂ ਵਿਚ ਆ ਰਹੀ ਅਨੈਤਿਕਤਾ ਨੂੰ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਨ ਦਾ ਯਤਨ ਕੀਤਾ ਹੈ। ਇਸ ਸਮੱਸਿਆ ਦਾ ਪ੍ਰਭਾਵ ਕਿਸੇ ਰੂਪ ਵਿਚ ਅਗਲੀ ਪੀੜ੍ਹੀ ਦੇ ਬੱਚਿਆਂ ਦੇ ਜੀਵਨ ਉੱਤੇ ਵੀ ਪੈਂਦਾ ਹੈ। ਬੱਚੇ ਘਰਾ ਅੰਦਰ ਪਸ਼ਨ ਰਹਿਣ ਕਾਰਨ ਗਲਤ ਰਾਹਾਂ ਤੇ ਤੁਰ ਪੈਂਦੇ ਹਨ, ਜਿਸ ਦਾ ਪ੍ਰਭਾਵ ਆਉਣ ਵਾਲੀ ਪੀੜ੍ਹੀ ਤੇ ਪੈਂਦਾ ਹੈ :-

ਪਾਲ : ਆਪਾਂ ਜਾ ਰਹੇ ਹਾਂ ਜੈਸ, ਤੂੰ ਮੈਂ ਤੇ ਜਸ਼ਨ। ਨਾਨੀ ਮੌਮ ਤੇ ਘਰ। ਹੁਣੇ।

ਜੈਸੀ : (ਹੈਰਾਨ ਹੋ ਕੇ ) ਵਾਟ ਮੀ ਐਂਡ ਜਸ਼ਨ ਵਿਚ ਯੂ ਟੂ ਗ੍ਰੈਨੀ ਜ਼ ਹੋਮ

ਰਾਈਟ ਨਾਓ, ਬਟ ਵਾਈ<

ਪਾਲ : ਸਮ ਪ੍ਰਾਬਲਮ ਇਜ਼ ਦੇਅਰ।

ਜੈਸੀ : ਬਟ ਗ੍ਰੈਂਡ ਮਾ ਇਜ਼ ਕਮਿੰਗ ਟੂ ਮਾਰੋ।

ਪਾਲ : ਦੈਟਜ਼ ਵਾਈ ਯੂ ਹੈਵ ਟੂ ਗੋ।

ਜੈਸੀ : ਨੋ, ਆਈ ਅਹੈਮ ਨਾਟ ਗੋਇੰਗ ਐਨੀਵੇਅਰ, ਪਹਿਲਾਂ ਮੈਨੂੰ ਇਹ ਦੱਸੋ ਕਿ ਇਸ ਘਰ ਵਿਚ ਆਖਿਰ ਹੋ ਕੀ ਰਿਹਾ। ਤੁਸੀਂ ਅੰਦਰ ਰੂਮ ਵਿਚ ਵੜ ਕੇ ਰੋ ਰਹੇ ਹੋ, ਪਾਪ ਕਿੰਨੇ ਦਿਨਾਂ ਤੋਂ ਅਪਸੈਟ ਫਿਰਦੇ ਆ, ਹਰ ਗੱਲ ਵਿਚ ਮਿਸਟਰੀ ਕ੍ਰਿਏਟ ਹੋ ਰਹੀ ਹੈ, ਆਖਰ ਪ੍ਰਾਬਲਮ ਕੀ ਹੈ<"8

ਇਹ ਸੱਚ ਹੈ ਕਿ ਆਉਣ ਵਾਲੀ ਪੀੜੀ ਲਈ ਇਹ ਸਮੱਸਿਆਵਾਂ ਭਿਆਨਕ ਰੂਪ ਵਿਚ ਆਉਣਗੀਆਂ । ਜਿਸ ਦੇ ਸਿੱਟੇ ਵੀ ਭਿਆਨਕ ਨਿਕਲਣਗੇ।

ਇਓ ਇਸ ਨਾਟਕ ਰਾਹੀਂ ਨਾਟਕਕਾਰ ਨੇ ਪੁਰਾਤਨ ਸੋਚ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਹਰ ਮਨੁੱਖ ਨੂੰ ਅਗਾਂਹ ਵਧੂ ਸੋਚ ਦਾ ਮਾਲਕ ਹੋਣਾ ਚਾਹੀਦਾ ਹੈ।ਪਾਲੀ ਭੁਪਿੰਦਰ ਸਿੰਘ ਨੇ 'ਰਾਤ ਚਾਨਣੀ' ਨਾਟਕ ਵਿਚ ਅੱਜ ਦੇ ਯੁੱਗ ਵਿਚ ਨੌਜਵਾਨ ਵਰਗ ਵਿਚ ਡਾਲਰਾਂ ਦੀ ਚਾਹਤ ਵਿਚ ਰਿਸ਼ਤਿਆਂ ਦੀ ਹੋ ਰਹੀ ਸੌਦੇਬਾਜੀ ਨੂੰ ਪੇਸ਼ ਕੀਤਾ ਹੈ। ਜਿਸ ਕਰਕੇ ਆਪਸੀ ਮੋਹ-ਮੁਹੱਬਤ ਦਿਨੋ ਦਿਨ ਘਟਦੀ ਜਾ ਰਹੀ ਹੈ।

ਸਮੁੱਚੇ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਪਾਲੀ ਭੁਪਿੰਦਰ ਸਿੰਘ ਨੇ ਆਪਣੇ ਨਾਟਕ 'ਰਾਤ ਚਾਨਣੀ' ਰਾਹੀਂ ਪੰਜਾਬੀ ਲੋਕਾਂ ਅੰਦਰ ਬਾਹਰਲੇ ਦੇਸ਼ਾਂ ਵਿਚ ਜਾਣ ਦੀ ਲਾਲਸਾ ਅਤੇ ਇਸ ਲਾਲਸਾ ਕਾਰਨ ਕੁੱਝ ਵੀ ਅਨੈਤਿਕ ਕਰਨ ਨੂੰ ਵਿਸ਼ਾ ਬਣਾਇਆ ਹੈ।

ਹਵਾਲੇ ਅਤੇ ਟਿੱਪਣੀਆਂ

1. ਪਾਲੀ ਭੁਪਿੰਦਰ ਸਿੰਘ, ਰਾਤ ਚਾਨਣੀ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2008, ਪੰਨਾ 18
2. ਉਹੀ, ਪੰਨਾ 68
3. ਉਹੀ, ਪੰਨਾ 72
4. ਉਹੀ, ਪੰਨਾ 54, 55
5. ਉਹੀ, ਪੰਨਾ 58
6. ਉਹੀ, ਪੰਨਾ 73
7. ਉਹੀ, ਪੰਨਾ 23
8. ਉਹੀ, ਪੰਨਾ 73